# ਪੰਜਾਬੀ ਵਿਕਾਸ ਮੰਚ (ਕਾਨੂੰਨੀ)

(ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

ਹਵਾਲਾ ਨੰ: 40-45 ਮਿਤੀ : 19.05.2022


**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083


ਸੇਵਾ ਵਿਖੇ

ਪ੍ਰਮੁੱਖ ਸਕੱਤਰ,

ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ,

ਪੰਜਾਬ, ਚੰਡੀਗੜ੍ਹ। pshe@punjab.gov.in;

ਵਿਸ਼ਾ: ਪੰਜਾਬ ਸਰਕਾਰ ਵਲੋਂ ਆਪਣੇ ਦਫਤਰਾਂ ਲਈ ਕੀਤੀ ਜਾਣ ਵਾਲੀ ਭਰਤੀ ਲਈ ਲਏ ਜਾਣ ਵਾਲੇ ਇਮਤਿਹਾਨ, ਅੰਗਰੇਜ਼ੀ ਦੇ ਨਾਲ ਨਾਲ ਪੰਜਾਬੀ ਵਿਚ ਲਏ ਜਾਣ ਨੂੰ ਯਕੀਨੀ ਬਣਾਉਣ ਲਈ ਸਬੰਧਤ ਅਦਾਰਿਆਂ ਨੂੰ ਲੋੜੀਦੀਆਂ ਹਦਾਇਤਾਂ ਦੇਣ ਲਈ **ਬੇਨਤੀ**

ਸਤਿਕਾਰਯੋਗ ਮੈਡਮ ਸਾਹਿਬਾ ਜੀ,

ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਲਈ ਯਤਨਸ਼ੀਲ ਇਕ ਸੰਸਥਾ ਹੈ। ਪੰਜਾਬੀ ਵਿਕਾਸ ਮੰਚ ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਰਾਹੀਂ ਸਲਝਾਉਣ ਲਈ ਸਥਾਪਤ ਕੀਤੀ ਗਈ ਇਸ ਅਦਾਰੇ ਦੀ ਇਕ ਸ਼ਾਖਾ ਹੈ।

ਮੰਚ ਵਲੋਂ ਪਹਿਲਾਂ, ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਨਾਲ ਸਬੰਧਤ ਕੁਝ ਕਾਨੂੰਨੀ ਵਿਵਸਥਾਵਾਂ, ਪੰਜਾਬ ਸਰਕਾਰ ਦੇ ਹੁਕਮ ਅਤੇ ਤੱਥ, ਨਿਮਰਤਾ ਸਹਿਤ, ਵਿਚਾਰ ਅਤੇ ਯੋਗ ਕਾਰਵਾਈ ਲਈ ਆਪ ਜੀ ਦੇ ਧਿਆਨ ਵਿਚ ਲਿਆਂਦੇ ਜਾ ਰਹੇ ਹਨ:

1. ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬ ਦੀ ਸੱਤਾ ਤੇ ਕਾਬਜ ਰਹੀਆਂ ਸਰਕਾਰਾਂ ਵੱਲੋਂ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਦੀ ਅਣਦੇਖੀ ਕੀਤੀ ਜਾਂਦੀ ਰਹੀ ਹੈ। ਪੰਜਾਬੀ ਦੀ ਥਾਂ ਅੰਗਰੇਜ਼ੀ ਭਾਸ਼ਾ ਨੂੰ ਪਹਿਲ ਦਿੱਤੀ ਜਾਂਦੀ ਰਹੀ। ਨਤੀਜੇ ਵਜੋਂ ਪੰਜਾਬੀ ਭਾਸ਼ਾ ਸਰਕਾਰ, ਰੁਜ਼ਗਾਰ, ਸਿੱਖਿਆ, ਵਪਾਰ ਅਤੇ ਪਰਿਵਾਰ

ਵਿਚੋਂ ਅਲੋਪ ਹੋਣ ਲੱਗ ਪਈ। ਉਦਾਹਰਣ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਨੌਕਰੀਆਂ ਦੀ ਭਰਤੀ ਲਈ ਲਏ ਜਾਂਦੇ ਇਮਤਿਹਾਨਾਂ ਦੇ ਪ੍ਰਸ਼ਨ ਪੱਤਰ ਕੇਵਲ ਅੰਗਰੇਜ਼ੀ ਵਿਚ ਲਏ ਜਾਣ ਦੀ ਦਿੱਤੀ ਜਾ ਸਕਦੀ ਹੈ। ਗਰੁੱਪ-ਸੀ ਦੀਆਂ ਨੌਕਰੀਆਂ ਤੱਕ ਦੇ ਇਮਤਿਹਾਨ ਵੀ ਕੇਵਲ ਅੰਗਰੇਜ਼ੀ ਵਿਚ ਲਏ ਜਾਣ ਲੱਗੇ। ਸਿੱਟੇ ਵਜੋਂ, ਘੱਟ ਅੰਗਰੇਜ਼ੀ ਜਾਣਦੇ ਪੰਜਾਬ ਦੇ ਬਹੁਤੇ ਨੌਜਵਾਨ ਛੋਟੇ

ਰੁਜ਼ਗਾਰ ਪ੍ਰਾਪਤ ਕਰਨ ਤੋਂ ਵੀ ਵਾਂਝੇ ਰਹਿਣ ਲੱਗ ਪਏ। ਪਿਛਲੀਆਂ ਸਰਕਾਰਾਂ ਦੇ ਪੰਜਾਬੀ ਵਿਰੋਧੀ ਇਸ ਰਵੱਈਏ ਕਾਰਨ ਪੈਦਾ ਹੋਈ ਬੇਰੁਜ਼ਗਾਰੀ ਕਾਰਨ ਪੰਜਾਬ ਦੀ ਜਵਾਨੀ ਦਾ ਝੁਕਾਅ ਵਿਦੇਸ਼ਾਂ ਵਿਚ ਪਲਾਇਨ ਕਰਨ ਅਤੇ ਨਸ਼ਿਆਂ ਦਾ ਸੇਵਨ ਕਰਨ ਵਲ ਹੋ ਗਿਆ।

2. ਪੰਜਾਬੀ ਵਿਰੋਧੀ ਇਸ ਰੁਝਾਣ ਨੂੰ ਠੱਲ ਪਾਉਣ ਲਈ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ ਪਹਿਲ ਕੀਤੀ ਗਈ। ਭਾਈਚਾਰੇ ਵੱਲੋਂ ਮਿਤੀ 07.07.2019 ਨੂੰ ਚੇਅਰਮੈਨ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਅਤੇ ਮਿਤੀ 31.12.2019 ਨੂੰ ਚੇਅਰਮੈਨ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਪਟਿਆਲਾ ਨੂੰ ਤਰਕਸੰਗਤ ਅਤੇ ਤੱਥਾਂ ਤੇ ਅਧਾਰਤ ਬੇਨਤੀ ਪੱਤਰ ਲਿਖ ਕੇ ਅੱਗੋਂ ਤੋਂ ਇਨ੍ਹਾਂ ਅਦਾਰਿਆਂ ਵੱਲੋਂ ਲਏ ਜਾਂਦੇ ਇਮਤਿਹਾਨਾਂ ਦੇ ਪ੍ਰਸ਼ਨ ਪੱਤਰ ਪੰਜਾਬੀ ਵਿਚ ਵੀ ਲਏ ਜਾਣ ਦੀ ਬੇਨਤੀ ਕੀਤੀ ਗਈ। ਇਨ੍ਹਾਂ ਬੇਨਤੀ ਪੱਤਰਾਂ ਦੇ ਉਤਾਰੇ ਮਾਣਯੋਗ ਮੁੱਖ ਮੰਤਰੀ, ਮੁੱਖ ਸਕੱਤਰ, ਸਕੱਤਰ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਨੂੰ ਵੀ ਭੇਜੇ ਗਏ। ਪਰ ਇਨ੍ਹਾਂ ਸਾਰੇ ਅਦਾਰਿਆਂ ਵੱਲੋਂ, ਇਨ੍ਹਾਂ ਬੇਨਤੀ ਪੱਤਰਾਂ ਨਜ਼ਰ ਅੰਦਾਜ ਕਰ ਦਿੱਤਾ ਗਿਆ ਅਤੇ ਆਪਣਾ ਪੰਜਾਬੀ ਵਿਰੋਧੀ ਵਰਤਾਰਾ ਜਾਰੀ ਰੱਖਿਆ ਗਿਆ।

3. ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ, ਪੰਜਾਬੀ ਨੂੰ ਸਰਕਾਰੇ ਦਰਬਾਰੇ ਬਣਦਾ ਮਾਣ-ਸਤਿਕਾਰ ਦਵਾਉਣ ਲਈ ਆਪਣੇ ਯਤਨ ਜਾਰੀ ਰੱਖੇ ਗਏ। ਅਖ਼ੀਰ ਇਨ੍ਹਾਂ ਯਤਨਾਂ ਨੂੰ ਬੂਰ ਪਿਆ ਅਤੇ ***ਪੰਜਾਬ ਸਰਕਾਰ ਵੱਲੋਂ ਮਿਤੀ 02.02.2022 ਨੂੰ ਨਵਾਂ ਹੁਕਮ ਜਾਰੀ ਕਰਕੇ, ਪੰਜਾਬ ਸਰਕਾਰ ਦੇ ਸਾਰੇ ਅਦਾਰਿਆਂ ਨੂੰ, ਉਨ੍ਹਾਂ ਵੱਲੋਂ ਨੌਕਰੀਆਂ ਲਈ ਲਏ ਜਾਂਦੇ ਇਮਤਿਹਾਨ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਲਏ ਜਾਣ ਦੇ ਸ਼ਲਾਘਾਯੋਗ ਹੁਕਮ ਜਾਰੀ ਕੀਤਾ ਗਿਆ।***

4. ਪੰਜਾਬ ਸਰਕਾਰ ਦੇ ਇਸ ਹੁਕਮ ਦੇ ਬਾਵਜੂਦ ਪਿਛੇ ਜਿਹੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਪਟਿਆਲਾ ਅਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਇਮਤਿਹਾਨ ਕੇਵਲ ਅੰਗਰੇਜ਼ੀ ਵਿਚ ਲਏ ਗਏ। ਨਤੀਜੇ ਵਜੋਂ ਬਹੁਤੀਆਂ ਨੌਕਰੀਆਂ, ਵੱਧ ਅੰਗਰੇਜ਼ੀ ਜਾਣਦੇ ਪੰਜਾਬ ਤੋਂ ਬਾਹਰਲੇ ਉਮੀਦਵਾਰਾਂ ਦੇ ਹਿੱਸੇ ਆਈਆਂ। ਇਸ ਤੱਥ ਨੂੰ ਉਜਾਗਰ ਕਰਦੀ 'ਦੇਸ਼ ਸੇਵਕ' ਅਖ਼ਬਾਰ ਵਿਚ ਛਪੀ ਖ਼ਬਰ ਨੱਥੀ ਕੀਤੀ ਜਾਂਦੀ ਹੈ।

5. ਮਿਤੀ 05.05.2022 ਨੂੰ ਅਖ਼ਬਾਰਾਂ ਵਿਚ ਦਿੱਤੇ ਇਸ਼ਤਿਹਾਰਾਂ ਵਿਚ ਪੰਜਾਬ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਉਹ ਜਲਦੀ ਹੀ ***ਆਪਣੇ ਦਫ਼ਤਰਾਂ ਲਈ 26454 ਮੁਲਾਜ਼ਮ ਭਰਤੀ ਕਰਨ ਜਾ ਰਹੀ ਹੈ।*** ਇਸ ਇਸ਼ਤਿਹਾਰ ਵਿਚ ਉਨ੍ਹਾਂ ਅਦਾਰਿਆਂ ਦੇ ਨਾਂ ਵੀ ਦਿੱਤੇ ਗਏ ਹਨ ਜਿਨ੍ਹਾਂ ਵੱਲੋਂ ਇਹ ਭਰਤੀ ਕੀਤੀ ਜਾਣੀ ਹੈ।

6. ਪਿਛਲੇ ਤਜਰਬੇ ਤੋਂ ਸਬਕ ਸਿੱਖਦਿਆਂ ਪੰਜਾਬੀ ਵਿਕਾਸ ਮੰਚ(ਕਾਨੂੰਨੀ) ਨੂੰ ਖ਼ਦਸ਼ਾ ਹੈ ਕਿ ਇਮਤਿਹਾਲ ਲੈਣ ਵਾਲੇ ਅਦਾਰੇ ਹਾਲੇ ਵੀ ਇਮਤਿਹਾਨ ਕੇਵਲ ਅੰਗਰੇਜ਼ੀ ਭਾਸ਼ਾ ਵਿਚ ਹੀ ਲੈਣਗੇ। ਅਤੇ ਘੱਟ ਅੰਗਰੇਜ਼ੀ ਜਾਣਦੇ ਪੰਜਾਬੀ ਨੌਜਵਾਨ ਰੁਜ਼ਗਾਰ ਤੋਂ ਹੱਥ ਧੋ ਬੈਠਣਗੇ। ਅਗਲੀ ਭਰਤੀ ਲਈ ਇਮਤਿਹਾਨ ਲੈਣ ਵਾਲੇ ਮੁੱਖ ਅਦਾਰਿਆਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ , ਸਬਾਰਡੀਨੇਟ ਸਰਵਿਸਜ਼ ਸਲੈਕਸ਼ਨ ਬੋਰਡ,

ਬਾਬਾ ਫ਼ਰੀਦ ਯੂਨੀਵਰਸਿਟੀ ਅਤੇ ਵਿਭਾਗੀ ਭਰਤੀ ਬੋਰਡ (ਪੁਲਿਸ) ਨੂੰ ਅਗਾਊਂ ਸੁਚੇਤ ਕਰਨ ਲਈ ਮੰਚ ਦੇ ਮੁੱਖ ਕਾਨੂੰਨੀ ਸਲਾਹਕਾਰ ਸ੍ਰੀ ਹਰੀ ਚੰਦ ਅਰੋੜਾ ਐਡਵੋਕੇਟ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਵੱਲੋਂ ਪੱਤਰ ਲਿਖ ਕੇ ਬੇਨਤੀ ਕਰ ਦਿੱਤੀ ਗਈ ਹੈ ਕਿ ਅੱਗੋਂ ਤੋਂ ਇਹ ਅਦਾਰੇ ਪੰਜਾਬ ਸਰਕਾਰ ਦੇ ਪੰਜਾਬੀ ਪੱਖੀ ਇਸ ਹੁਕਮ ਦੀ ਇੰਨ-ਬਿੰਨ ਪਾਲਣਾ ਕਰਨ ਅਤੇ ਆਪਣੇ ਇਮਤਿਹਾਨ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਭਾਸ਼ਾ ਵਿਚ ਵੀ ਲੈਣ। (ਇਨ੍ਹਾਂ ਚਿੱਠੀਆਂ ਦੇ ਉਤਾਰੇ ਨੱਥੀ ਕੀਤੇ ਜਾਂਦੇ ਹਨ।)

7. ਮੰਚ ਵਲੋਂ ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਆਪ, ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਸਾਰ ਨੂੰ ਸੁਨਿਸ਼ਚਤ ਕਰਨ ਲਈ ਸਥਾਪਿਤ ਕੀਤੇ ਗਏ ***ਭਾਸ਼ਾ ਵਿਭਾਗ ਦੇ ਡਾਇਰੈਕਟਰ ਅਤੇ ਸਬੰਧਤ ਜ਼ਿਲ੍ਹਾ ਭਾਸ਼ਾ ਅਫ਼ਸਰਾਂ ਨੂੰ ਨਿਰਦੇਸ਼*** ਦਿਉ ਕਿ ਉਹ:

(ੳ) ਇਮਤਿਹਾਨ ਲੈਣ ਵਾਲੇ ਹਰ ਅਦਾਰੇ ਦੇ ਮੁੱਖੀ ਨਾਲ ਨਿੱਜੀ ਸੰਪਰਕ ਸਥਾਪਤ ਕਰਨ ਅਤੇ ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਮਿਤੀ 02.02.2022 ਦੇ ਹੁਕਮਾਂ ਤੋਂ ਜਾਣੂ ਕਰਵਾਉਣ।

(ਅ) ਇਮਤਿਹਾਨ ਲੈਣ ਵਾਲੇ ਅਦਾਰਿਆਂ ਵੱਲੋਂ ਨੌਕਰੀਆਂ ਦੀ ਭਰਤੀ ਲਈ ਜਦੋ ਇਸ਼ਤਿਹਾਰ ਦਿੱਤੇ ਜਾਣ ਤਾਂ ਭਾਸ਼ਾ ਵਿਭਾਗ ਦੇ ਅਧਿਕਾਰੀ ਉਨ੍ਹਾਂ ਇਸ਼ਤਿਹਾਰਾਂ ਤੇ ਪੈਨੀ ਨਜ਼ਰ ਰੱਖਣ। ਜੇ ਇਸ਼ਤਿਹਾਰਾਂ ਵਿਚ ਇਮਤਿਹਾਨ ਕੇਵਲ ਅੰਗਰੇਜ਼ੀ ਵਿਚ ਲੈਣ ਦੀ ਸ਼ਰਤ ਹੋਵੇ ਤਾਂ ਇਸ ਸ਼ਰਤ ਵਿਚ ਸਮੇਂ ਸਿਰ ਸੋਧ ਕਰਵਾਉਣ।

8. ਮੰਚ ਨੂੰ ਨਿਮਰਤਾ ਸਹਿਤ ਆਪ ਜੀ ਦੇ ਧਿਆਨ ਵਿਚ ਇਹ ਲਿਆਉਣ ਵਿਚ ਕੋਈ ਝਿਜਕ ਨਹੀਂ ਹੈ ਕਿ ਜੇ ਇਸ ਵਾਰ ਵੀ ਪੰਜਾਬ ਸਰਕਾਰ ਦੇ ਸਬੰਧਤ ਅਦਾਰਿਆਂ ਵੱਲੋਂ ਪੰਜਾਬ ਸਰਕਾਰ ਦੇ ਮਿਤੀ 02.02.2022 ਦੇ ਹੁਕਮ ਦੀ ਅਣਦੇਖੀ ਕੀਤੀ ਗਈ, ਅਤੇ ਘੱਟ ਅੰਗਰੇਜ਼ੀ ਜਾਣਦੇ ਪੰਜਾਬ ਦੇ ਨੌਜਵਾਨ ਇਸ ਅਣਗਹਿਲੀ ਕਾਰਨ ਰੁਜ਼ਗਾਰ ਪ੍ਰਾਪਤ ਕਰਨ ਵਿਚ ਅਸਫ਼ਲ ਰਹੇ ***ਤਾਂ ਮਜਬੂਰੀ ਵੱਸ ਮੰਚ ਅਦਾਲਤ ਦਾ ਦਰਵਾਜ਼ਾ ਖੜਕਾਏਗਾ ਅਤੇ ਭਰਤੀ ਤੇ ਰੋਕ ਲਗਵਾਏਗਾ।***

ਪੰਜਾਬ ਸਰਕਾਰ ਦੇ, ਪੰਜਾਬ ਦੇ ਨੌਜਵਾਨਾਂ ਨੂੰ ਉਚਿਤ ਰੁਜਗਾਰ ਦੇਣ ਦੇ ਇਸ ਸੁਨਹਿਰੀ ਸੁਪਨੇ ਨੂੰ ਠੇਸ ਨਾ ਲੱਗੇ ਇਸ ਲਈ ਆਪ ਜੀ ਹੁਣ ਹੀ ਸਬੰਧਤ ਅਦਾਰਿਆਂ ਨੂੰ ਹਦਾਇਤ ਕਰੋ ਕਿ ਕਿਸੇ ਵੀ ਕੀਮਤ ਤੇ ਪੰਜਾਬ ਸਰਕਾਰ ਦੇ ਇਸ ਹੁਕਮ ਦੀ ਉਲੰਘਣਾ ਨਾ ਹੋਵੇ।

ਉਸਾਰੂ ਹੁੰਘਾਰੇ ਦੀ ਉਡੀਕ ਵਿਚ।

ਪ੍ਰਾਰਥੀ

(ਮਿੱਤਰ ਸੈਨ ਮੀਤ) (ਦਵਿੰਦਰ ਸਿੰਘ ਸੇਖਾ) (ਆਰ.ਪੀ.ਸਿੰਘ)

ਨੋਟ: ਦਸਤਾਵੇਜ਼ E-mail ਰਾਹੀਂ ਭੇਜੀ ਚਿੱਠੀ ਨਾਲ ਨੱਥੀ ਕਰ ਦਿੱਤੇ ਗਏ ਹਨ

ਉਪਰੋਕਤ ਦਾ ਉਤਾਰਾ, ਹੇਠ ਲਿਖਿਆਂ ਸ਼ਖਸ਼ੀਅਤਾਂ ਨੂੰ ਸੂਚਨਾ/ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:

1. ਮਾਣਯੋਗ ਮੁੱਖ ਮੰਤਰੀ, ਪੰਜਾਬ। cmo@punjab.gov.in
2. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ। cs@punjab.gov.in
3. ਸਿੱਖਿਆ ਅਤੇ ਭਾਸ਼ਾ ਵਿਭਾਗ ਮੰਤਰੀ ਪੰਜਾਬ ਸਰਕਾਰ , ਚੰਡੀਗੜ੍ਹ।
   punjabeducationminister@gmail.com
4. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ। pblanguages@hotmail.com